# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

2025227४४

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਐਸ.ਏ.ਐਸ ਨਗਰ(ਮੋਹਾਲੀ)
ਫੋਨ ਨੰ :0172-5212307,2210019
E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰ. ਐਮ.ਡੀ.ਐਮ/2025/ 18341
ਮਿਤੀ 20/01/25

ਵਿਸ਼ਾ: **PMSHRI ਸਕੂਲਾਂ ਵਿੱਚ ਸਿਹਤ ਕੈਂਪ, ਕਿੱਚਨ ਗਾਰਡਨ ਦੀ ਸੰਭਾਲ ਅਤੇ ਅੱਗ ਬਝਾਉ ਯੰਤਰ ਦੀ ਸੁਰੱਖਿਆ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮਿਤੀ 16.01.2025 ਰਾਹੀਂ ਮਾਨਯੋਗ ਡੀ.ਜੀ.ਐਸ.ਈ ਨਾਲ ਹੋਈ ਵੀ.ਸੀ ਦੇ ਅਧਾਰ ਤੇ PM SHRI ਸਕੂਲਾਂ ਵਿੱਚ ਹੇਠ ਲਿਖੇ ਦਿਸ਼ਾ-ਨਿਰਦੇਸ਼ਾਂ ਪਹਿਲ ਦੇ ਅਧਾਰ ਤੇ ਲਾਗੂ ਕਰਨਾ ਜ਼ਰੂਰੀ ਹੈ:

1. **Health Camps:**

ਜੇਕਰ ਕਿਸੇ ਬੱਚੇ ਦੇ ਮੈਡੀਕਲ ਚੈਕਅਪ ਦੌਰਾਨ ਸਿਹਤ ਸਬੰਧੀ ਸਮੱਸਿਆਂ ਆਉਂਦੀ ਹੈ, ਤਾਂ ਸਕੂਲ ਮੁੱਖੀ ਨੂੰ ਸਰਕਾਰ ਵੱਲੋਂ PMSHRI ਯੋਜਨਾ ਤਹਿਤ ਜੋ 50,000 ਰੁਪਏ ਪ੍ਰਤੀ ਸਕੂਲ ਗ੍ਰਾਂਟ ਦਿੱਤੀ ਗਈ ਹੈ, ਉਸਨੂੰ ਵਰਤੋਂ ਕਰਕੇ ਇਹਨਾਂ ਬੱਚਿਆਂ ਨੂੰ ਨੇੜਲੇ ਸਿਹਤ ਕੇਂਦਰ ਵਿੱਚ ਚੈਕ ਕਰਵਾਇਆ ਜਾਵੇ ਅਤੇ ਜਿਹਨਾਂ ਬੱਚਿਆਂ ਦੀਆਂ ਅੱਖਾਂ ਦਾ ਨਜ਼ਰ ਘੱਟ ਹੈ, ਉਹਨਾਂ ਨੂੰ ਟਰਾਂਸਪੋਰਟ ਦੀ ਸਹੂਲਤ ਦੇ ਕੇ ਨਾਲ ਦੇ ਸਿਹਤ ਕੇਂਦਰ ਵਿਚ ਲਿਜਾ ਕੇ ਐਨਕਾਂ ਲਗਵਾਈਆਂ ਜਾਣ, ਜੋ ਕਿ ਪੰਜਾਬ ਸਰਕਾਰ ਵੱਲੋਂ ਮੁਫਤ ਲਗਾਈਆਂ ਜਾਂਦੀਆਂ ਹਨ (ਕਾਪੀ ਨੱਥੀ)।

ਇਸ ਤੋਂ ਇਲਾਵਾ ਸਕੂਲਾਂ ਵਿਚ First Aid Kit ਦੀ ਉਪਲੱਬਧਾ ਹੋਣੀ ਚਾਹੀਦੀ ਹੈ, ਜਿਸ ਵਿਚ ਹੇਠ ਲਿਖੇ ਅਨੁਸਾਰ ਵਸਤਾਂ ਸ਼ਾਮਿਲ ਹੋਣੀਆਂ ਜਰੂਰੀ ਹਨ:

- ਬੈਂਡੇਜ, ਐਂਟੀਸੈਪਟਿਕ ਲੋਸ਼ਨ, ਰੂੰ, ਡਾਕਟਰ ਟੇਪ, ਪੱਟੀਆਂ ਆਦਿ। ਇਸ ਤੋਂ ਇਲਾਵਾ ਬੁਖਾਰ, ਦਰਦ ਅਤੇ ਐਲਰਜੀ ਲਈ ਬੁਨਿਆਦੀ ਦਵਾਈਆਂ, ਤਾਪਮਾਨ ਮਾਪਣ ਵਾਲਾ ਯੰਤਰ (ਥਰਮੋਮੀਟਰ) ਅਤੇ ਕੈਂਚੀਆਂ ਅਤੇ ਹੋਰ ਜਰੂਰੀ ਐਮਰਜੈਂਸੀ ਮੈਡੀਕਲ ਸਾਧਨ ਉਪਲੱਬਧ ਹੋਣੇ ਚਾਹੀਦੇ ਹਨ, ਜੋ ਐਮਰਜੰਸੀ ਦੀ ਸਥਿਤੀ ਵਿੱਚ ਵਿਦਿਆਰਥੀਆਂ ਨੂੰ ਤੁਰੰਤ ਮਦਦ ਪ੍ਰਦਾਨ ਕਰਨ ਲਈ ਲੋੜੀਂਦੇ ਹੋਣ।
- ਕਿੱਟ ਦੇ ਸਾਰੇ ਸਮਾਨ ਦੀ ਮਿਆਦ ਨਿਯਮਤ ਤੌਰ ਤੇ ਜਾਂਚ ਕੀਤੀ ਜਾਵੇ ਅਤੇ ਲੋੜ ਅਨੁਸਾਰ ਨਵਾਂ ਮੁਹੱਈਆਂ ਕਰਵਾਇਆ ਜਾਵੇ।

Scanned with OKEN Scanner

2. **Vegetable Kitchen Garden:**

ਹਰ ਸਕੂਲ ਵਿੱਚ ਕਿੱਚਨ ਗਾਰਡਨ ਦੀ ਸਥਾਪਨਾ ਕੀਤੀ ਜਾਵੇ ਅਤੇ ਸੰਭਾਲ ਕੀਤੀ ਜਾਵੇ ਅਤੇ ਜਿਹੜੇ ਸਕੂਲਾਂ ਵਿਚ ਪਹਿਲਾਂ ਹੀ ਗਾਰਡਨ ਹਨ ਉਹਨਾਂ ਦੀ ਨਿਯਮਤ ਸਾਂਭ-ਸੰਭਾਲ ਅਤੇ ਉਹਨਾਂ ਵਿਚ ਔਰਗੈਨਿਕ ਸ਼ਬਜੀਆਂ ਅਤੇ Medicinal Plants ਜਿਵੇਂ ਕਿ Neem, Ashwagandha, Shatavari (Asparagus), Adusa, Amla, Evergreen, Cinnamon, Cinchona, Betel, Durva Grass, Tulsi, Aloe vera, Turmeric and Ginger ਆਦਿ ਲਗਾਏ ਜਾਣ। ਇਹ ਪੌਦੇ ਅਸਾਨੀ ਨਾਲ ਲਗਾਏ ਜਾ ਸਕਦੇ ਹਨ, ਜੋ ਕਿ ਸਿਹਤ ਲਈ ਬਹੁਤ ਲਾਭਦਾਇਕ ਹਨ। ਇਸ ਉਦੇਸ਼ ਲਈ ਆਉਣ ਵਾਲੇ ਖਰਚੇ ਦੀ ਰਾਸ਼ੀ PMSHRI ਯੋਜਨਾ ਤਹਿਤ ਭਾਰਤ ਸਰਕਾਰ ਵੱਲੋਂ ਜਾਰੀ ਪ੍ਰਤੀ ਸਕੂਲ 15,000 ਰੁਪਏ ਵਿਚੋਂ ਕੀਤੀ ਜਾ ਸਕਦੀ ਹੈ।

3. **ਰਸੋਈ-ਘਰਾਂ ਵਿੱਚ Fire Extinguishers:**

- ਹਰ ਸਕੂਲ ਦੇ ਰਸੋਈ-ਘਰ ਵਿੱਚ ਅੱਗ ਬੁਝਾਉਣ ਵਾਲਾ ਯੰਤਰ ਲਗਾਉਣਾ ਲਾਜ਼ਮੀ ਹੈ। ਇਸ ਉਦੇਸ਼ ਲਈ PMSHRI ਫੰਡ ਤਹਿਤ GOI ਵੱਲੋਂ ਪ੍ਰਤੀ ਸਕੂਲ ₹10,000 ਦੇ ਫੰਡ ਜਾਰੀ ਕੀਤੇ ਗਏ ਹਨ।
- ਜਿਨ੍ਹਾਂ ਸਕੂਲਾਂ ਵਿੱਚ ਪਹਿਲਾਂ ਤੋਂ ਹੀ ਅੱਗ ਬੁਝਾਉਣ ਵਾਲੇ ਯੰਤਰ ਹਨ, ਉਨ੍ਹਾਂ ਨੂੰ ਸਹੀ ਢੰਗ ਨਾਲ ਕੰਮ ਕਰਨ ਯੋਗ ਬਣਾਉਣ ਲਈ ਸਾਲਾਨਾ ਰੱਖਾਵ ਇਕਰਾਰਨਾਮੇ (AMC) ਦਾ ਪ੍ਰਬੰਧ ਕੀਤਾ ਜਾਵੇ ਅਤੇ ਜਿਨ੍ਹਾਂ ਸਕੂਲਾਂ ਵਿਚ ਇਹ ਯੰਤਰ ਨਹੀਂ ਹਨ, ਉੱਥੇ ਲਗਵਾਏ ਜਾਣ।

ਉਕਤ ਦਰਸਾਏ ਦਿਸ਼ਾ-ਨਿਰਦੇਸ਼ਾ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਜਨਰਲ ਮੈਨੇਜਰ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2025/ 1315 ਮਿਤੀ: 29.01.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

29/01/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner